# ਕੈਨੇਡਾ ਦੀ ਸਰਕਾਰ ਬਜਟ 2023 ਰਿਲੀਜ਼ ਕਰਦੀ ਹੈ

*ਫ਼ੈਡਰਲ ਬਜਟ ਮਜ਼ਬੂਤ ਮੱਧ ਸ਼੍ਰੇਣੀ, ਪੁੱਜਦੀ ਅਰਥਕਤਾ, ਅਤੇ ਕੈਨੇਡੀਅਨਾਂ ਲਈ ਸਿਹਤਮੰਦ ਭਵਿੱਖ ਦਾ ਸਮਰਥਨ ਕਰਦਾ ਹੈ।*

ਮਾਰਚ 28, 2023 ਆਟਵਾ, ਆਂਟੇਰੀਉ ਵਿੱਤ ਵਿਭਾਗ, ਕੈਨੇਡਾ

ਅੱਜ, ਆਨਰੇਬਲ *ਕ੍ਰਿਸਟੀਆ* ਫ਼੍ਰੀਲੈਂਡ, ਡਿਪਟੀ ਪਰਾਈਮ ਮਨਿੱਸਟਰ ਐਂਡ ਮਨਿੱਸਟਰ ਆਫ਼ ਫ਼ੀਨੈਂਸ ਨੇ *ਬਜਟ 2023 - ਕੈਨੇਡਾ ਵਿੱਚ ਸਿਰਜੀ ਗਈ ਯੋਜਨਾ: ਮਜ਼ਬੂਤ ਮਧ ਸ਼੍ਰੇਣੀ, ਪੁੱਗਦੀ ਆਰਥਕਤਾ, ਸੁਹਤਮੰਦ ਭਵਿੱਖ ਰਿਲੀਜ਼ ਕੀਤਾ।*

ਕੈਨੇਡਾ ਨੇ ਕੋਵਿਡ ਕਾਰਨ ਆਏ ਆਰਥਕ ਮੰਦਵਾੜੇ ਵਿੱਚੋਂ ਹੈਰਾਨਜਨਕ ਬਹਾਲੀ ਕੀਤੀ ਹੈ। ਪਿਛਲੇ ਸਾਲ ਅਤੇ ਅੱਜ ਵੀ, G7 ਵਿੱਚੋਂ ਸਭ ਤੋਂ ਵੱਧ ਮਜ਼ਬੂਤ ਆਰਥਕ ਵਾਧਾ ਕੈਨੇਡਾ ਵਿੱਚ ਹੋਇਆ ਹੈ, ਅਤੇ ਮਹਾਂਮਾਰੀ ਤੋਂ ਪਹਿਲਾਂ ਨਾਲੋਂ 830,000 ਵੱਧ ਕੈਨੇਡੀਅਨ ਰੁਜ਼ਗਾਰ ਤੇ ਲੱਗੇ ਹਨ। ਪਿਛਲੇ ਅੱਠ ਮਹੀਨਿਆਂ ਵਿੱਚ ਲਗਾਤਾਰ ਹਰ ਵਾਰੀ ਕੈਨੇਡਾ ਅੰਦਰ ਮਹਿੰਗਾਈ ਘਟੀ ਹੈ, ਸਾਡੀ ਬੇਰੁਜ਼ਗਾਰੀ ਦੀ ਦਰ ਘੱਟ ਤੋਂ ਘੱਟ ਰਿਕਾਰਡ ਨੇੜੇ ਪਹੁੰਚੀ ਹੈ, ਅਤੇ ਪੁੱਜਦੇ ਅਰਲੀ ਲਰਨਿੰਗ ਅਤੇ ਚਾਇਲਡ ਕੇਅਰ ਦੇ ਕੈਨੇਡਾ ਭਰ ਅੰਦਰ ਸਿਸਟਿਮ ਦੇ ਸਮਰਥਣ ਅਨੁਸਾਰ, ਫ਼ਰਵਰੀ ਵਿੱਚ 25 ਤੋਂ 54 ਵਿਚਲੀ ਆਯੂ ਵਾਲੀਆਂ ਔਰਤਾਂ ਦੀ ਲੇਬਰ ਫ਼ੋਰਸ ਦੀ ਸ਼ਮੂਲੀਅਤ ਦਰ 85.7 ਪ੍ਰਤੀਸ਼ਤ ਦੇ ਉੱਚਤਮ ਰਿਕਾਰਡ ਨੂੰ ਛੋਂਹਦੀ ਹੈ।

ਬਜਟ 2023 ਅੰਦਰ ਪ੍ਰਗਤੀ ਦੇ ਹੇਠ ਦਰਜ ਅਹਿਮ ਆਧਾਰ ਹਨ।

11 ਮਿਲੀਅਨ ਕੈਨੇਡੀਅਨਾਂ ਅਤੇ ਪਰਿਵਾਰਾਂ ਜਿੰਨ੍ਹਾਂ ਨੂੰ ਇਸ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ, ਬੱਚਿਆਂ ਵਾਲੇ ਯੋਗ ਜੋੜੇ ਨੂੰ ਅਧਿਕ $ 467 ਅਤੇ ਬਿਨਾ ਬੱਚਿਆਂ ਵਾਲੇ ਇੱਕਲੇ ਕੈਨੇਡੀਅਨਾਂ ਨੂੰ ਅਧਿਕ $234; ਅਤੇ ਸਿਨੀਅਰਾਂ ਨੂੰ ਵੱਧ $225 ਨਵੀਂ ਗਰੋਸਰੀ ਛੋਟ ਦੁਆਰਾ, ਬਜਟ 2023 ਨਿਯੋਜਤ ਮਹਿੰਗਾਈ ਰਾਹਤ ਮੁਹੱਈਆ ਕਰਦਾ ਹੈ। ਸਰਕਾਰ ਗੁਪਤ ਜੰਕ ਫ਼ੀਸਾਂ ਅਤੇ ਲੁਟੇਰੇ ਉਧਾਰ ਦੇਣ ਵਾਲਿਆਂ ਵਿਰੁੱਧ ਕਾਰਵਾਈ ਕਰੇਗੀ ਅਤੇ ਛੋਟੇ ਵਿਪਾਰਾਂ ਲਈ ਕਰੈਡਿਟ ਕਾਰਡ ਟਰਾਂਜ਼ੈਕਸ਼ਨ ਫ਼ੀਸਾਂ ਘਟਾਏਗੀ, ਅਤੇ ਕੈਨੇਡੀਆਨਾਂ ਨੂੰ ਆਪਣੀ ਰਕਮ ਆਪਣੀ ਜੇਬ ਵਿੱਚ ਰੱਖਣ ਵਿੱਚ ਮਦਦ ਕਰੇਗੀ।

ਕੈਨੇਡਾ ਦੇ ਯੂਨਿਵਰਸਲ ਪਬਲਿਕ ਹੈਲਥ ਕੇਅਰ ਸਿਸਟਿਮ ਨੂੰ ਮਜ਼ਬੂਤ ਕਰਨ ਲਈ ਬਜਟ 2023 ਬੈਕਲੌਂਗ ਨੂੰ ਘਟਾਉਣ, ਫ਼ੈਮਲੀ ਹੈਲਥ ਸਰਵਸਿਜ਼ ਨੂੰ ਵਧਾਉਣ, ਅਤੇ ਇਹ ਯਕੀਨੀ ਬਣਾਉਣ ਲਈ ਕਿ ਪਰਾਵਿੰਸ ਅਤੇ ਟੈਰੇਟ੍ਰੀਜ਼ ਦੇ ਕੈਨੇਡੀਆਨਾਂ ਨੂੰ ਅਜਿਹੀ ਉੱਚ-ਪੱਧਰੀ ਅਤੇ ਸਮੇਂ ਸਿਰ ਹੈਲਥ ਕੇਅਰ ਮੁਹੱਈਆਂ ਕਰ ਸਕਣ ਜਿਸ ਦੀ ਉਹ ਆਸ ਰੱਖਦੇ ਹਨ ਅਤੇ ਉਹ ਹੱਕਦਾਰ ਹਨ, ਵਾਸਤੇ $198.3 ਬਿਲੀਅਨ ਮੁਹੱਈਆ ਕਰਦਾ ਹੈ। ਬਜਟ 2023 ਰਾਹੀਂ ਨੌਂ ਮਿਲੀਅਨ ਕੈਨੇਡੀਅਨਾਂ ਨੂੰ ਲਾਭ ਪਹੁੰਚਾਉਣ ਵਾਲੀ ਅਤੇ ਇਹ ਯਕੀਨੀ ਬਣਾਉਣ ਲਈ ਕਿ ਕਿਸੇ ਵੀ ਕੈਨੇਡੀਅਨ ਨੂੰ ਮਹੀਨੇ ਦੇ ਅੰਤ ਤੇ ਆਪਣੇ ਦੰਦਾਂ ਦੀ ਸੰਭਾਲ ਕਰਨ ਅਤੇ ਬਿੱਲਾਂ ਦੀ ਅਦਾਇਗੀ ਵਿੱਚ ਕਰਨ ਵੱਚ ਚੋਣ ਨਾ ਕਰਨੀ ਪਵੇ ਸਰਕਾਰ ਇੱਕ ਨਵੀਂ ਕੈਨੇਡੀਅਨ ਡੈਂਟਲ ਪਲੈਨ ਅਰੰਭ ਕਰਦੀ ਹੈ।

ਬਜਟ 2023, ਕੈਨੇਡਾ ਦੀ ਸਵੱਛ ਆਰਥਕਤਾ ਸਿਰਜਣ, ਵਾਤਾਵਰਣਿਕ ਤਬਦੀਲੀ ਵਿਰੁੱਧ ਸੰਘਰਸ਼ ਕਰਨ, ਕੈਨੇਡੀਅਨ ਵਿਪਾਰਾਂ ਅਤੇ ਕੈਨੇਡੀਅਨ ਵਰਕਰਾਂ ਲਈ ਨਵੇਂ ਮੌਕੇ ਪੈਦਾ ਕਰਨ ਵਾਸਤੇ ਪਰਿਵਰਤਨਕਾਰੀ ਨਿਵੇਸ਼ ਕਰਦਾ ਹੈ। ਇਸ ਵਿੱਚ ਮਹੱਤਵਪੂਰਨ ਸ਼ਾਮਲ ਉਪਾਅ ਸ਼ਾਮਲ ਹਨ ਜਿਵੇਂ ਵੱਧ ਸਵੱਛ ਅਤੇ ਪੁੱਜਦੀ ਊਰਜਾ ਮੁਹੱਈਆ ਕਰਨਗੇ, ਭਾਈਚਾਰਿਆਂ ਅੰਦਰ ਨਿਵੇਸ਼ ਦਾ ਸਮਰਥਨ ਕਰਨਗੇ ਜੋ ਚੰਗੀ ਤਨਖ਼ਾਹ ਵਾਲੀਆਂ ਨੌਕਰੀਆਂ ਪੈਦਾ ਕਰਨਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਕੈਨੇਡਅਨ ਵਰਕਰ ਅਜਿਹੇ ਮਾਲ ਤੇ ਸਾਧਨ ਪੈਦਾ ਕਰਨ ਤੇ ਮੁਹੱਈਆ ਕਰਨ ਜਿਨ੍ਹਾਂ ਦੀ ਕੈਨੇਡੀਅਨਾਂ ਅਤੇ ਸਾਡੇ ਸੰਗੀ ਸਾਥੀਆਂ ਨੂੰ ਲੋੜ ਹੈ।

ਜ਼ੁੰਮੇਵਾਰ ਫ਼ਿਸਕਲ ਪਲੈਨ ਦੁਆਰਾ ਕੈਨੇਡਾ ਦਾ ਡੈਫ਼ਿਸਿਟ ਘੱਟੋ ਘੱਟ ਰਹਿੰਦਾ ਹੈ ਅਤੇ G7 ਵਿੱਚੋਂ ਸਭ ਤੋਂ ਨਿਮਨਤਮ ਨੈੱਟ ਡੈੱਟ-ਟੂ-ਜੀਡੀਪੀ ਰੇਸ਼ੋ 'ਤੇ ਰਹਿੰਦਾ ਹੈ, ਬਜਟ 2023 ਕੈਨੇਡਾ ਸਿਰਜਣ ਵਿੱਚ ਅਜਿਹੀ ਸਹਾਇਤਾ ਕਰੇਗਾ ਜੋਕਿ ਇੱਕ ਪਾਸੇ ਤੋਂ ਲੈ ਕੇ ਕੈਨੇਡਾ ਦੇ ਦੂਜੇ ਪਾਸੇ ਤੀਕ ਹਰੇਕ ਲਈ ਕੈਨੇਡਾ ਵੱਧ ਸੁਰੱਖਅਤ, ਵੱਧ ਦੀਰਘਕਾਲਿਕ, ਅਤੇ ਪੁੱਜਦਾ ਦੇਸ਼ ਰਹੇਗਾ।

## ਹਵਾਲਾ

" ਆਪਣੇ ਦੇਸ਼ ਦੇ ਭਿਵੱਸ਼ ਬਾਰੇ ਜਿੰਨੀ ਅਸ਼ਾਵਾਦੀ ਮੈਂ ਅੱਜ ਹਾਂ ਉਨੀ ਮੈਂ ਕਦੇ ਵੀ ਨਹੀਂ ਹੋਈ। ਬਜਟ 2023, ਅਜਿਹੇ ਕੈਨੇਡੀਅਨਾਂ ਨੂੰ, ਜਿੰਨ੍ਹਾਂ ਨੂੰ ਇਸ ਦੀ ਬਹੁਤ ਲੋੜ ਹੈ; ਮਜ਼ਬੂਤ ਪਬਲਿਕ ਹੈਲਥ ਕੇਅਰ, ਸਮੇਤ ਕਈ ਮਿਲੀਅਨ ਕੈਨੇਡੀਅਨਾਂ ਨੂੰ ਡੈਂਟਲ ਕੇਅਰ ਦੇ, ਅਤੇ ਕੈਨੇਡਾ ਦੀ ਸਵੱਛ ਆਰਥਕਤਾ ਕਾਇਮ ਕਰਨ ਲਈ ਮਹੱਤਵਪੂਰਨ ਨਿਵੇਸ਼ਾਂ ਦੇ ਨਵੀਂ, ਮਹੁੰਗਾਈ ਵਿਰੁੱਧ ਨਿਯੋਜਤ ਰਾਹਤ ਪਹੁੰਚਾਏਗਾ। ਚਣੌਤੀ ਵਾਲੇ ਸੰਸਾਰ ਅੰਦਰ ਚਣੌਤੀਆਂ ਵਾਲੇ ਸਮਿਆਂ ਵਿੱਚ, ਰਹਿਣ ਵਾਸਤੇ ਕੈਨੇਡਾ ਨਾਲੋਂ ਵਧੇਰੇ ਚੰਗੀ ਜਗ੍ਹਾ ਕੋਈ ਨਹੀਂ ਹੈ। "

*ਆਨਰੇਬਲ ਕ੍ਰਿਸਟੀਆ ਫ਼੍ਰੀਲੈਂਡ, ਡਿਪਟੀ ਪਰਾਈਮ ਮਨਿੱਸਟਰ ਐਂਡ ਮਨਿੱਸਟਰ ਆਫ਼ ਫ਼ੀਨੈਂਸ*

## *ਸੰਬੰਧਤ ਦਸਤਾਵੇਜ਼*

*(ਇਹ ਸਿਰਫ਼ ਅੰਗਰੇਜ਼ੀ ਵਿੱਚ ਹੀ ਉਪਲਬਧ ਹਨ)*

- *Budget 2023: A Made-in-Canada Plan: Strong Middle Class, Affordable Economy, Healthy Future*
- Budget 2023: Address by the Deputy Prime Minister and Minister of Finance
- Backgrounder: Stronger Public Health Care
- Backgrounder: Making Life More Affordable
- Backgrounder: An Affordable Place to Call Home
- Backgrounder: A Made-in-Canada Plan: Affordable Energy, Good Jobs, and a Growing Clean Economy
- Backgrounder: Advancing Reconciliation
- Backgrounder: Stronger and More Inclusive Communities
- Backgrounder: Improving Service Delivery

## ਸੰਪਰਕ

### ਮੀਡੀਆ ਇਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ:

Adrienne Vaupshas
ਪ੍ਰੈੱਸ ਸੈਕਰਿਟਰੀ
ਦਫ਼ਤਰ ਡਿਪਟੀ ਪਰਾਈਮ ਮਨਿੱਸਟਰ ਐਂਡ ਮਨਿੱਸਟਰ ਆਫ਼ ਫ਼ੀਨੈਂਸ
Adrienne.Vaupshas@fin.gc.ca

ਮੀਡੀਆ ਸੰਪਰਕ
ਡਿਪਾਰਟਮੈਂਟ ਆਫ਼ ਫ਼ੀਨੈਂਸ, ਕੈਨੇਡਾ

mediare@fin.gc.ca
613-369-4000

### ਆਮ ਪੁੱਛ-ਗਿੱਛ

ਫ਼ੋਨ: 1-833-712-2292
ਟੀਟੀਵਾਈ: 613-369-3230
financepublic-financepublique@fin.gc.ca